ਮਿੱਠੇ ਬੱਚੇ:- "ਮਿੱਠੇ ਬੱਚੇ- ਮਨੁੱਖ ਸ਼ਰੀਰ ਦੀ ਉੱਨਤੀ ਦਾ ਪ੍ਰਬੰਧ ਰਚਦੇ, ਆਤਮਾ ਦੀ ਉੱਨਤੀ ਜਾਂ ਚੜ੍ਹਦੀ ਦਾ ਸਾਧਨ ਬਾਪ ਹੀ ਦੱਸਦੇ ਹਨ। ਇਹ ਬਾਪ ਦੀ ਹੀ ਜਿੰਮੇਵਾਰੀ ਹੈ।"

ਪ੍ਰਸ਼ਨ:- ਪ੍ਰਸ਼ਨ:- ਸਦਾ ਬੱਚਿਆਂ ਦੀ ਉੱਨਤੀ ਹੁੰਦੀ ਰਹੇ ਉਸਦੇ ਲਈ ਬਾਪ ਕਿਹੜੀ-2 ਸ਼੍ਰੀਮਤ ਦਿੰਦੇ ਹਨ?

ਉੱਤਰ:- ਬੱਚੇ ਆਪਣੀ ਉੱਨਤੀ ਦੇ ਲਈ ਸਦਾ ਯਾਦ ਦੀ ਯਾਤਰਾ ਵਿੱਚ ਰਹੋ। ਯਾਦ ਨਾਲ ਆਤਮਾ ਦੀ ਜੰਗ ਨਿਕਲੇਗੀ। 2. ਕਦੇ ਵੀ ਬੀਤੀ ਨੂੰ ਯਾਦ ਨਹੀਂ ਕਰੋ ਅਤੇ ਅੱਗੇ ਵਾਸਤੇ ਕੋਈ ਆਸ ਨਾਂ ਰੱਖੋ। 3. ਸ਼ਰੀਰ ਨਿਰਵਾਹ ਲਈ ਕਰਮ ਭਾਵੇਂ ਕਰੋ ਪਰ ਜੋ ਵੀ ਸਮਾਂ ਮਿਲੇ ਉਸਨੂੰ ਵੇਸਟ ਨਹੀਂ ਕਰੋ, ਬਾਪ ਦੀ ਯਾਦ ਵਿੱਚ ਸਮੇਂ ਨੂੰ ਸਫਲ ਕਰੋ। 4. ਘੱਟ ਤੋਂ ਘੱਟ ਅੱਠ ਘੰਟੇ ਇਸ਼ਵਰੀਏ ਸੇਵਾ ਕਰੋ ਤਾਂ ਤੁਹਾਡੀ ਉੱਨਤੀ ਹੁੰਦੀ ਰਹੇਗੀ।

ਓਮ ਸ਼ਾਂਤੀ। ਰੂਹਾਨੀ ਬਾਪ ਬੈਠ ਰੂਹਾਨੀ ਬੱਚਿਆਂ ਨੂੰ ਅਤੇ ਆਤਮਾਵਾਂ ਨੂੰ ਸਮਝਾਉਂਦੇ ਹਨ, ਮਨੁੱਖ ਕਹਿੰਦੇ ਹਨ ਆਤਮਾ ਦੀ ਜਿੰਮੇਵਾਰੀ ਹੈ ਪਰਮਾਤਮਾ ਦੇ ਉੱਪਰ। ਉਹ ਹੀ ਸਾਰੀਆਂ ਆਤਮਾਵਾਂ ਦੀ ਉੱਨਤੀ ਅਤੇ ਮਨ ਦੀ ਸ਼ਾਂਤੀ ਦਾ ਰਸਤਾ ਦੱਸ ਸਕਦੇ ਹਨ। ਆਤਮਾ ਰਹਿੰਦੀ ਹੈ ਭ੍ਰਿਕੁਟੀ ਵਿੱਚ ਸਭ ਤੋਂ ਨਿਆਰੀ। ਅਕਸਰ ਕਰਕੇ ਬਿਮਾਰੀਆਂ ਹੁੰਦੀਆਂ ਹਨ ਸ਼ਰੀਰ ਵਿੱਚ। ਇਥੇ ਭ੍ਰਿਕੁਟੀ ਵਿੱਚ ਨਹੀਂ। ਭਾਵੇਂ ਸਿਰ ਵਿੱਚ ਦਰਦ ਹੋਵੇਗਾ ਪਰ ਜਿਹੜਾ ਆਤਮਾ ਦਾ ਤੱਖ਼ਤ ਹੈ ਉਥੇ ਕੋਈ ਤਕਲੀਫ਼ ਨਹੀਂ ਹੋਵੇਗੀ। ਕਿਉਂਕਿ ਉਸ ਤੱਖ਼ਤ ਤੇ ਆਤਮਾ ਵਿਰਾਜਮਾਨ ਹੈ। ਹੁਣ ਆਤਮਾ ਦੀ ਉੱਨਤੀ ਤੇ ਸ਼ਾਂਤੀ ਦੇਣ ਵਾਲਾ ਸਰਜਨ ਤਾਂ ਇਕ ਹੀ ਪਰਮਾਤਮਾ ਹੈ। ਜਦੋਂ ਆਤਮਾ ਦੀ ਉੱਨਤੀ ਹੋਵੇ ਤਾਂ ਉਸ ਨੂੰ ਤੰਦਰੁਸਤੀ ਅਤੇ ਧਨ ਵੀ ਮਿਲੇ। ਸ਼ਰੀਰ ਨੂੰ ਤਾਂ ਕਿੰਨਾ ਵੀ ਕਰੋ ਉਸ ਨਾਲ ਕੋਈ ਉੱਨਤੀ ਨਹੀਂ ਹੋਵੇਗੀ। ਸ਼ਰੀਰ ਵਿੱਚ ਕੋਈ ਨਾ ਕੋਈ ਖਿਟਪਿਟ ਤਾਂ ਹੁੰਦੀ ਰਹਿੰਦੀ ਹੈ। ਆਤਮਾ ਦੀ ਉੱਨਤੀ ਬਾਪ ਦੇ ਸਿਵਾਏ ਕੋਈ ਕਰ ਨਹੀਂ ਸਕਦਾ। ਬਾਕੀ ਸਾਰੀ ਦੁਨੀਆ ਵਿੱਚ ਸ਼ਰੀਰ ਦੀ ਉੱਨਤੀ ਦਾ ਪ੍ਰਬੰਧ ਰਚਦੇ ਹਨ, ਬਾਕੀ ਆਤਮਾ ਦੀ ਚੜ੍ਹਦੀ ਕਲਾ ਜਾਂ ਉੱਨਤੀ ਹੁੰਦੀ ਨਹੀਂ ਹੈ। ਉਹ ਤਾਂ ਬਾਪ ਹੀ ਸਿਖਲਾਉਂਦੇ ਹਨ। ਸਾਰਾ ਮਦਾਰ ਆਤਮਾ ਤੇ ਹੈ, ਆਤਮਾ ਹੀ 16 ਕਲਾਂ ਬਣਦੀ ਹੈ ਫਿਰ ਆਤਮਾ ਹੀ ਬਿਲਕੁਲ ਕਲਾ ਰਹਿਤ ਹੋ ਜਾਂਦੀ ਹੈ। 16 ਕਲਾਵਾਂ ਬਣਦੀਆ ਹਨ ਫਿਰ ਕਲਾ ਘੱਟ ਕਿਵੇਂ ਹੋ ਜਾਂਦੀ ਹੈ, ਇਹ ਵੀ ਬਾਪ ਹੀ ਸਮਝਾਉਂਦੇ ਹਨ। ਬਾਪ ਕਹਿੰਦੇ ਹਨ ਸਤਿਯੁੱਗ ਵਿੱਚ ਤੁਹਾਨੂੰ ਬਹੁਤ ਸੁੱਖ ਸੀ। ਆਤਮਾ ਚੜ੍ਹਦੀ ਕਲਾ ਵਿੱਚ ਸੀ ਅਤੇ ਹੋਰ ਸਤਿਸੰਗਾਂ ਵਿੱਚ ਆਤਮਾ ਦੀ ਉੱਨਤੀ ਕਿਵੇਂ ਹੋਵੇ- ਇਹ ਗੱਲ ਨਹੀਂ ਸਮਝਾਈ ਜਾਂਦੀ ਹੈ। ਉਹ ਜਿਸਮਾਨੀ ਨਸ਼ੇ ਵਿੱਚ ਰਹਿੰਦੇ ਹਨ। ਦੇਹ - ਅਭਿਮਾਨ ਹੈ, ਬਾਪ ਤੁਹਾਨੂੰ ਦੇਹੀ - ਅਭਿਮਾਨੀ ਬਣਾਉਂਦੇ ਹਨ। ਆਤਮਾ ਜੋ ਤਮੋਪ੍ਰਧਾਨ ਬਣੀ ਹੈ, ਉਸ ਨੂੰ ਸਤੋਪ੍ਰਧਾਨ ਬਨਾਉਣਾ ਹੈ। ਇਥੇ ਸਭ ਹਨ ਰੂਹਾਨੀ ਗੱਲਾਂ। ਉਥੇ ਹਨ ਜਿਸਮਾਨੀ ਗੱਲਾਂ। ਸਰਜਨ ਲੋਕ ਇਕ ਦਿਲ ਕੱਢ ਦੂਸਰਾ ਪਾ ਦਿੰਦੇ ਹਨ। ਉਨ੍ਹਾਂ ਦਾ ਆਤਮਾ ਨਾਲ ਕੋਈ ਤਾਲੁੱਕ ਨਹੀਂ। ਆਤਮਾ ਤਾਂ ਭ੍ਰਿਕੁਟੀ ਵਿੱਚ ਰਹਿੰਦੀ ਹੈ, ਉਸ ਦਾ ਅਪ੍ਰੇਸ਼ਨ ਆਦਿ ਕੁੱਝ ਨਹੀਂ ਹੁੰਦਾ।

ਅੱਛਾ ਬਾਪ ਸਮਝਾਉਂਦੇ ਹਨ ਕਿ ਆਤਮਾ ਦੀ ਉੱਨਤੀ ਤਾਂ ਇਕ ਹੀ ਵਾਰ ਹੁੰਦੀ ਹੈ। ਆਤਮਾ ਜਦੋਂ ਤਮੋਪ੍ਰਧਾਨ ਹੋ ਜਾਂਦੀ ਹੈ ਤਾਂ ਆਤਮਾ ਦੀ ਉੱਨਤੀ ਕਰਨ ਵਾਲਾ ਬਾਪ ਆਉਂਦਾ ਹੈ। ਉਨ੍ਹਾਂ ਤੋਂ ਬਿਨਾ ਕਿਸੇ ਵੀ ਆਤਮਾ ਦੀ ਚੜ੍ਹਦੀ ਕਲਾ ਹੋ ਨਹੀਂ ਸਕਦੀ। ਬਾਪ ਕਹਿੰਦੇ ਹਨ, ਇਹ ਛੀ-ਛੀ ਤਮੋਪ੍ਰਧਾਨ ਆਤਮਾਵਾਂ ਮੇਰੇ ਕੋਲ ਆ ਨਹੀਂ ਸਕਦੀਆਂ। ਤੁਹਾਡੇ ਕੋਲ ਕਦੇ ਕੋਈ ਆਉਂਦੇ ਹਨ ਤਾਂ ਕਹਿੰਦੇ ਹਨ ਸ਼ਾਂਤੀ ਕਿਵੇਂ ਮਿਲੇ ਅਤੇ ਉੱਨਤੀ ਕਿਸ ਤਰ੍ਹਾਂ ਹੋਵੇ? ਪਰੰਤੂ ਇਹ ਨਹੀਂ ਜਾਣਦੇ ਕਿ ਅਸੀਂ ਉੱਨਤੀ ਤੋਂ ਬਾਦ ਕਿਥੇ ਜਾਵਾਂਗੇ, ਕੀ ਹੋਵੇਗਾ? ਪੁਕਾਰਦੇ ਰਹਿੰਦੇ ਹਨ ਪਤਿੱਤ ਤੋਂ ਪਾਵਨ ਬਣਾਓ। ਜੀਵਨਮੁੱਕਤੀਧਾਮ ਵਿੱਚ ਲੈ ਜਾਵੋ। ਤਾਂ ਆਤਮਾਵਾਂ ਨੂੰ ਹੀ ਲੈ ਜਾਣਗੇ ਨਾ। ਸ਼ਰੀਰ ਤਾਂ ਇਥੇ ਖ਼ਤਮ ਹੋ ਜਾਣਗੇ। ਪਰੰਤੂ ਇਹ ਗੱਲਾਂ ਕਿਸੇ ਦੀ ਬੁੱਧੀ ਵਿੱਚ ਨਹੀਂ ਹਨ। ਇਹ ਹੈ ਇਸ਼ਵਰੀਏ ਮਤ। ਬਾਕੀ ਉਹ ਸਾਰੀ ਹੈ ਮਨੁੱਖੀ ਮਤ। ਇਸ਼ਵਰੀਏ ਮਤ ਨਾਲ ਇੱਕਦਮ ਆਸਮਾਨ ਵਿੱਚ ਚੜ੍ਹ ਜਾਂਦੇ, ਸੁੱਖਧਾਮ, ਸ਼ਾਂਤੀਧਾਮ ਵਿੱਚ। ਫਿਰ ਡਰਾਮੇ ਅਨੁਸਾਰ ਹੇਠਾਂ ਵੀ ਉਤਰਨਾ ਹੀ ਹੈ। ਆਤਮਾ ਦੀ ਉੱਨਤੀ ਦੇ ਲਈ ਬਾਪ ਦੇ ਸਿਵਾਏ ਹੋਰ ਕੋਈ ਸਰਜਨ ਨਹੀਂ। ਸਰਜਨ ਫਿਰ ਤੁਹਾਨੂੰ ਆਪ ਸਮਾਨ ਬਣਾਉਂਦੇ ਹਨ। ਕੋਈ ਤਾਂ ਬਹੁਤਿਆਂ ਦੀ ਉੱਨਤੀ ਚੰਗੀ ਕਰਦੇ ਹਨ, ਕੋਈ ਮੀਡੀਅਮ ਅਤੇ ਕੋਈ ਥਰਡ ਹੋਰਾਂ ਦੀ ਉੱਨਤੀ ਕਰਦੇ ਹਨ। ਆਤਮਾਵਾਂ ਦੀ ਉੱਨਤੀ ਦਾ ਜਵਾਬਦਾਰ ਹੈ ਹੀ ਇਕ ਬਾਪ। ਦੁਨੀਆ ਵਿੱਚ ਕਿਸੇ ਨੂੰ ਪਤਾ ਨਹੀਂ ਹੈ। ਬਾਪ ਕਹਿੰਦੇ ਹਨ, ਇਨ੍ਹਾਂ ਸਾਧੂਆਂ ਆਦਿ ਦਾ ਉਧਾਰ ਕਰਨ ਮੈਨੂੰ ਆਉਣਾ ਪੈਂਦਾ ਹੈ। ਪਹਿਲੋਂ ਜਦੋਂ ਆਤਮਾ ਆਉਂਦੀ ਹੈ ਤਾਂ ਪਵਿੱਤਰ ਹੀ ਆਉਂਦੀ ਹੈ। ਹੁਣ ਬਾਪ ਆਏ ਹਨ ਸਭ ਦੀ ਉੱਨਤੀ ਕਰਨ ਲਈ। ਨੰਬਰਵਾਰ ਪੁਰਸ਼ਾਰਥ ਅਨੁਸਾਰ ਤੁਹਾਡੀ ਦੇਖੋ ਕਿੰਨੀ ਉੱਨਤੀ ਹੋ ਜਾਂਦੀ ਹੈ। ਉਥੇ ਤੁਹਾਨੂੰ ਸ਼ਰੀਰ ਵੀ ਫੱਸਟ ਕਲਾਸ ਮਿਲਦਾ ਹੈ। ਬਾਪ ਹੈ ਹੀ ਅਵਿਨਾਸ਼ੀ ਸਰਜਨ। ਉਹ ਹੀ ਆਕੇ ਤੁਹਾਡੀ ਉੱਨਤੀ ਕਰਦੇ ਹਨ। ਤਾਂ ਤੁਸੀਂ ਉੱਚ ਤੇ ਉੱਚ ਆਪਣੇ ਸਵੀਟ ਹੋਮ ਵਿੱਚ ਚਲੇ ਜਾਓਗੇ। ਉਹ ਲੋਕ ਮੂਨ ਤੇ ਜਾਂਦੇ ਹਨ। ਅਵਿਨਾਸ਼ੀ ਸਰਜਨ ਤੁਹਾਨੂੰ ਉੱਨਤੀ ਪ੍ਰਾਪਤ ਕਰਨ ਲਈ ਕਹਿੰਦੇ ਹਨ, ਮਾਮੇਕਮ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਬਾਪ ਵਿਸ਼ਵ ਦੇ ਬੱਚਿਆਂ ਨੂੰ ਲਿਬਰੇਟ ਕਰਦੇ ਹਨ। ਜਦੋਂ ਤੁਸੀਂ ਸਵਰਗ ਵਿੱਚ ਜਾਵੋਗੇ ਤਾਂ ਸਭ ਸ਼ਾਂਤੀਧਾਮ ਵਿੱਚ ਹੋਣਗੇ। ਬਾਪ ਕਿੰਨਾ ਵੰਡਰਫੁੱਲ ਕੰਮ ਕਰਦੇ ਹਨ। ਕਮਾਲ ਹੈ ਬਾਪ ਦੀ। ਤਾਂ ਕਹਿੰਦੇ ਹਨ ਤੁਹਾਡੀ ਗਤ ਮਤ ਤੁਸੀਂ ਹੀ ਜਾਣੋ। ਆਤਮਾ ਵਿੱਚ ਹੀ ਮਤ ਹੈ, ਆਤਮਾ ਅਲੱਗ ਹੋ ਜਾਵੇ ਤਾਂ ਮਤ ਮਿਲ ਨਾਂ ਸਕੇ।

ਇਸ਼ਵਰੀਏ ਮਤ ਨਾਲ ਚੜ੍ਹਦੀ ਕਲਾ, ਮਾਨਵ ਮਤ ਨਾਲ ਉਤਰਤੀ ਕਲਾ ਹੋਈ ਹੈ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਉਹ ਲੋਕ ਸਮਝਦੇ ਹਨ, ਹੁਣ ਸਵਰਗ ਬਣ ਗਿਆ ਹੈ। ਅੱਗੇ ਚੱਲਕੇ ਪਤਾ ਲੱਗੇਗਾ ਕਿ ਇਹ ਨਰਕ ਹੈ ਜਾਂ ਸਵਰਗ। ਭਾਸ਼ਾ ਦੇ ਉੱਪਰ ਕਿੰਨਾ ਹੰਗਾਮਾ ਕਰਦੇ ਹਨ। ਦੁਖੀ ਹੈ ਨਾਂ। ਸਵਰਗ ਵਿੱਚ ਦੁੱਖ ਹੁੰਦਾ ਨਹੀਂ। ਅਰਥਕਵੇਕ ਵੀ ਨਹੀਂ ਹੋਵੇਗੀ। ਹੁਣ ਪੁਰਾਣੀ ਦੁਨੀਆ ਦਾ ਵਿਨਾਸ਼ ਹੋਣਾ ਹੈ। ਫਿਰ ਸਵਰਗ ਬਣ ਜਾਵੇਗਾ। ਫਿਰ ਅੱਧਾ ਕਲਪ ਉਹ ਵੀ ਗੁੰਮ ਹੋ ਜਾਂਦਾ ਹੈ। ਕਹਿੰਦੇ ਹਨ ਦਵਾਰਿਕਾ ਸਾਗਰ ਦੇ ਹੇਠਾਂ ਵਿੱਚ ਚਲੀ ਗਈ। ਸੋਨੇ ਦੀਆਂ ਚੀਜਾਂ ਹੇਠਾਂ ਦੱਬ ਗਈਆਂ ਹਨ। ਸੋ ਤਾਂ ਜਰੂਰ ਅਰਥਕਵੇਕ ਨਾਲ ਹੇਠਾਂ ਜਾਣਗੀਆਂ। ਸਮੁੰਦਰ ਨੂੰ ਥੋੜੇ ਹੀ ਪੁੱਟ ਕੇ ਕੱਢਣਗੇ। ਧਰਤੀ ਨੂੰ ਪੁੱਟਦੇ ਹਨ, ਓਥੋਂ ਮਾਲ ਕੱਢਦੇ ਹਨ। ਬਾਪ ਕਹਿੰਦੇ ਹਨ ਮੈਂ ਸਭ ਦਾ ਉਪਕਾਰ ਕਰਦਾ ਹਾਂ। ਮੇਰਾ ਫਿਰ ਸਾਰੇ ਅਪਕਾਰ ਕਰਦੇ, ਗਾਲੀ ਦਿੰਦੇ ਹਨ। ਮੈਂ ਤੇ ਅਪਕਾਰੀ ਦਾ ਵੀ ਉਪਕਾਰ ਕਰਦਾ ਹਾਂ ਤੇ ਮੇਰੀ ਜਰੂਰ ਮਹਿਮਾ ਹੋਣੀ ਚਾਹੀਦੀ ਹੈ। ਭਗਤੀ ਮਾਰਗ ਵਿੱਚ ਦੇਖੋ ਕਿੰਨਾ ਮਾਨ ਹੈ। ਤੁਸੀਂ ਬੱਚੇ ਵੀ ਬਾਪ ਦੀ ਕਿੰਨੀ ਮਹਿਮਾ ਕਰਦੇ ਹੋ, ਚਿੱਤਰ ਵਿੱਚ 32 ਗੁਣ ਦਿਖਾਏ ਹਨ। ਹੁਣ ਤੁਸੀਂ ਵੀ ਬਾਪ ਵਾਂਗ ਗੁਣਵਾਨ ਬਣ ਰਹੇ ਹੋ ਤਾਂ ਕਿੰਨਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਟਾਈਮ ਵੇਸਟ ਨਹੀਂ ਕਰਨਾ ਚਾਹੀਦਾ ਬਹੁਤ ਹਾਈਐਸਟ ਬਾਪ ਪੜਾਉਂਦੇ ਹਨ ਤਾਂ ਰੋਜ਼ ਜਰੂਰ ਪੜ੍ਹਨਾ ਚਾਹੀਦਾ ਹੈ। ਇਹ ਅਵਿਨਾਸ਼ੀ ਬਾਪ ਵੀ ਹੈ, ਟੀਚਰ ਵੀ ਹੈ। ਪਿੱਛੋਂ ਦੀ ਆਉਣ ਵਾਲੇ ਪੁਰਾਣਿਆਂ ਤੋਂ ਵੀ ਤਿੱਖੇ ਜਾ ਰਹੇ ਹਨ। ਹੁਣ ਸਾਰੀ ਦੁਨੀਆ ਦੀ ਉੱਨਤੀ ਹੋ ਰਹੀ ਹੈ - ਬਾਪ ਦਵਾਰਾ। ਸ਼੍ਰੀਕ੍ਰਿਸ਼ਨ ਨੂੰ ਵੀ ਗੁਣਵਾਨ ਬਨਾਉਣ ਵਾਲਾ ਬਾਪ ਹੈ, ਸਭ ਨੂੰ ਦੇਣ ਵਾਲਾ। ਬਾਕੀ ਸਾਰੇ ਲੈਂਦੇ ਹਨ। ਇਹ ਘਰਾਨਾ ਬਣ ਰਿਹਾ ਹੈ - ਨੰਬਰਵਾਰ ਪੁਰਸ਼ਾਰਥ ਅਨੁਸਾਰ। ਬੇਹੱਦ ਦਾ ਬਾਪ ਦੇਖੋ ਕਿੰਨਾ ਮਿੱਠਾ ਅਤੇ ਕਿੰਨਾ ਪਿਆਰਾ ਹੈ। ਉੱਚੇ ਤੋਂ ਉੱਚੇ ਬਾਪ ਦਵਾਰਾ ਸਭ ਦੀ ਉੱਨਤੀ ਹੋ ਰਹੀ ਹੈ। ਬਾਕੀ ਤਾਂ ਸਭ ਨੇ ਸੀੜੀ(ਪੌੜੀ) ਉਤਰਨੀ ਹੈ। ਕਮਾਲ ਹੈ ਬਾਪ ਦੀ। ਭਾਵੇਂ ਖਾਓ - ਪਿਓ ਸਭ ਕੁਝ ਕਰੋ ਬਾਬਾ ਦੇ ਗੁਣ ਗਾਓ। ਇਸ ਤਰ੍ਹਾਂ ਨਹੀਂ ਕਿ ਬਾਬਾ ਦੀ ਯਾਦ ਵਿੱਚ ਰਹਿਣ ਨਾਲ ਖਾਣਾ ਨਹੀਂ ਖਾ ਸਕਦੇ। ਰਾਤ ਨੂੰ ਫ਼ੁਰਸਤ ਬਹੁਤ ਮਿਲਦੀ ਹੈ। 8 ਘੰਟੇ ਤਾ ਫ਼ੁਰਸਤ ਹੈ। ਬਾਪ ਕਹਿੰਦੇ ਹਨ ਘੱਟ ਤੋਂ ਘੱਟ 8 ਘੰਟੇ ਇਸ ਸਰਕਾਰ ਦੀ ਸਰਵਿਸ ਕਰੋ। ਜੋ ਵੀ ਆਵੇ ਉਸ ਨੂੰ ਆਤਮਾ ਦੀ ਉੱਨਤੀ ਲਈ ਰਸਤਾ ਦੱਸੋ। ਜੀਵਨਮੁਕਤੀ ਮਤਲਬ ਵਿਸ਼ਵ ਦਾ ਮਾਲਿਕ ਅਤੇ ਮੁਕਤੀ ਮਤਲਬ ਬ੍ਰਹਿਮੰਡ ਦਾ ਮਾਲਿਕ। ਇਹ ਸਮਝਾਉਣਾ ਤਾਂ ਸਹਿਜ ਹੈ ਨਾ। ਪ੍ਰੰਤੂ ਤਕਦੀਰ ਵਿੱਚ ਨਹੀਂ ਹੈ ਤਾਂ ਤਦਬੀਰ ਕਿ ਕਰ ਸਕਾਂਗੇ।

ਬਾਪ ਸਮਝਾਉਂਦੇ ਹਨ ਕਿ ਬਾਪ ਦੀ ਯਾਦ ਤੋਂ ਸਿਵਾਏ ਆਤਮਾ ਦੀ ਜੰਗ ਨਿਕਲ ਨਹੀਂ ਸਕਦੀ। ਭਾਵੇਂ ਗਿਆਨ ਸਾਰਾ ਦਿਨ ਸੁਣਾਓ, ਪਰ ਆਤਮਾ ਦੀ ਉੱਨਤੀ ਦਾ ਸਾਧਨ ਯਾਦ ਦੇ ਸਿਵਾਏ ਹੋਰ ਕੋਈ ਨਹੀਂ। ਬਾਪ ਬੱਚਿਆਂ ਨੂੰ ਬੜੇ ਪਿਆਰ ਨਾਲ ਰੋਜ਼-2 ਸਮਝਾਉਂਦੇ ਹਨ। ਪਰੰਤੂ ਆਪਣੀ ਉੱਨਤੀ ਕਰਦੇ ਹਨ ਜਾਂ ਨਹੀਂ ਕਰਦੇ, ਉਹ ਹਰੇਕ ਖ਼ੁਦ ਹੀ ਸਮਝ ਸਕਦਾ ਹੈ। ਇਹ ਸਿਰਫ ਤੁਸੀਂ ਨਹੀਂ ਸੁਣਦੇ ਹੋ ਸਾਰੇ ਸੈਂਟਰਜ਼ ਦੇ ਬੱਚੇ ਸੁਣਦੇ ਹਨ। ਇਹ ਟੇਪ ਰੱਖੀ ਹੈ। ਇਹ ਵੀ ਆਪਣੇ ਵਿੱਚ ਆਵਾਜ਼ ਭਰ ਕੇ ਸਰਵਿਸ ਤੇ ਜਾਂਦੀ ਹੈ। ਇਹ ਬਹੁਤ ਸਰਵਿਸ ਦਿੰਦੀ ਹੈ। ਬੱਚੇ ਸਮਝਦੇ ਹਨ ਅਸੀਂ ਸ਼ਿਵਬਾਬਾ ਨੂੰ ਸੁਣਦੇ ਹਾਂ। ਤੁਹਾਡੇ ਦਵਾਰਾ ਸੁਣਨ ਨਾਲ ਇਨਡਾਇਰੈਕਟ ਹੋ ਜਾਂਦਾ ਹੈ, ਫਿਰ ਇਥੇ ਆਉਂਦੇ ਹਨ ਡਾਇਰੈਕਟ ਸੁਣਨ ਦੇ ਲਈ। ਫਿਰ ਬਾਬਾ ਬ੍ਰਹਮਾ ਮੁੱਖ ਦਵਾਰਾ ਸੁਣਾਉਂਦੇ ਹਨ ਅਤੇ ਮੁੱਖ ਦਵਾਰਾ ਗਿਆਨ ਅੰਮ੍ਰਿਤ ਦਿੰਦੇ ਹਨ। ਇਸ ਸਮੇਂ ਸਾਰੀ ਦੁਨੀਆ ਤਮੋਪ੍ਰਧਾਨ ਹੋ ਗਈ ਹੈ ਤਾਂ ਉਸ ਤੇ ਗਿਆਨ ਦਾ ਮੀਂਹ ਪੈਣਾ ਚਾਹੀਦਾ ਹੈ। ਇਹ ਪਾਣੀ ਦਾ ਮੀਂਹ ਤਾਂ ਬਹੁਤ ਪੈਂਦਾ ਹੈ। ਉਹ ਪਾਣੀ ਨਾਲ ਤਾਂ ਕੋਈ ਪਾਵਨ ਬਣ ਨਹੀਂ ਸਕਦਾ। ਇਹ ਸਾਰੀਆਂ ਗਿਆਨ ਦੀਆਂ ਗੱਲਾਂ ਹਨ।

ਬਾਪ ਕਹਿੰਦੇ ਹਨ ਕਿ ਹੁਣ ਜਾਗੋ, ਮੈਂ ਤੁਹਾਨੂੰ ਸ਼ਾਂਤੀਧਾਮ ਲੈ ਜਾਂਦਾ ਹਾਂ। ਆਤਮਾ ਦੀ ਉੱਨਤੀ ਵੀ ਇਸ ਵਿੱਚ ਹੈ, ਬਾਕੀ ਸਭ ਹਨ ਜਿਸਮਾਨੀ ਗੱਲਾਂ। ਰੂਹਾਨੀ ਗੱਲਾਂ ਸਿਰਫ ਤੁਸੀਂ ਸੁਣਦੇ ਹੋ। ਪਦਮਾਪਤੀ ਭਾਗਿਆਸ਼ਾਲੀ ਸਿਰਫ਼ ਤੁਸੀਂ ਬਣਦੇ ਹੋ। ਬਾਪ ਹੈ ਗਰੀਬ ਨਵਾਜ। ਗਰੀਬ ਹੀ ਸੁਣਦੇ ਹਨ, ਤਾਂ ਬਾਪ ਕਹਿੰਦੇ ਹਨ, ਅਹਿਲਆਵਾਂ ਤੇ ਗਣਿਕਾਵਾਂ ਨੂੰ ਵੀ ਸਮਝਾਓ। ਸਤਿਯੁੱਗ ਵਿੱਚ ਇਹੋ ਜਿਹੀਆਂ ਗੱਲਾਂ ਨਹੀਂ ਹੁੰਦੀਆਂ। ਉਹ ਹੈ ਬੇਹੱਦ ਦਾ ਸ਼ਿਵਾਲਯ। ਹੁਣ ਹੈ ਬੇਹੱਦ ਦਾ ਵੇਸ਼ਾਲਯ, ਬਿਲਕੁੱਲ ਹੀ ਤਮੋਪ੍ਰਧਾਨ ਹੈ। ਇਸ ਤੋਂ ਜ਼ਿਆਦਾ ਮਾਰਜਨ ਨਹੀਂ ਹੈ। ਹੁਣ ਇਸ ਪਤਿੱਤ ਦੁਨੀਆ ਨੇਂ ਬਦਲਣਾ ਹੈ। ਭਾਰਤ ਵਿੱਚ ਰਾਮ ਰਾਜ਼ ਤੇ ਰਾਵਣ ਰਾਜ਼ ਹੁੰਦਾ ਹੈ। ਜਦੋ ਅਨੇਕ ਧਰਮ ਹੋ ਜਾਂਦੇ ਹਨ ਤਾਂ ਅਸ਼ਾਂਤੀ ਹੋ ਜਾਂਦੀ ਹੈ। ਲੜਾਈ ਤਾਂ ਲਗਦੀ ਹੀ ਰਹਿੰਦੀ ਹੈ। ਹੁਣ ਤਾਂ ਬੜੇ ਜ਼ੋਰ ਨਾਲ ਲੜਾਈ ਲੱਗੇਗੀ। ਬੜੀ ਭਿਆਨਕ ਲੜਾਈ ਲੱਗ ਕੇ ਫਿਰ ਬੰਦ ਹੋ ਜਾਵੇਗੀ। ਕਿਉਂਕਿ ਰਜਾਈ ਵੀ ਸਥਾਪਨ ਹੋਵੇ ਤੇ ਕਰਮਾਤੀਤ ਅਵਸਥਾ ਵੀ ਹੋਏ। ਹਾਲੇ ਤਾਂ ਕੋਈ ਕਹਿ ਨਹੀਂ ਸਕਦਾ। ਉਹ ਅਵਸਥਾ ਆਵੇਗੀ ਤਾਂ ਪੜਾਈ ਪੂਰੀ ਹੋ ਜਾਵੇਗੀ। ਫਿਰ ਟਰਾਂਸਫਰ ਹੋ ਜਾਣਗੇ - ਆਪਣੇ ਪੁਰਸ਼ਾਰਥ ਅਨੁਸਾਰ। ਇਸ ਭੰਬੋਰ ਨੂੰ ਅੱਗ ਤਾਂ ਜ਼ਰੂਰ ਲੱਗਣੀ ਹੈ। ਫਟਾਫਟ ਵਿਨਾਸ਼ ਹੋ ਜਾਵੇਗਾ ਉਸਨੂੰ ਖ਼ੂਨੇ ਨਾਹਕ ਖੇਡ ਕਿਹਾ ਜਾਂਦਾ ਹੈ। ਨਾਹੇਕ ਸਭ ਮਰ ਜਾਣਗੇ। ਖ਼ੂਨ ਦੀਆਂ ਨਦੀਆਂ ਵਗਣਗੀਆਂ, ਫਿਰ ਘਿਉ ਦੁੱਧ ਦੀਆਂ ਵਗਣਗੀਆਂ। ਹਾਹਾਕਾਰ ਤੋਂ ਬਾਅਦ ਜੈ-ਜੈਕਾਰ ਹੋਵੇਗੀ। ਬਾਕੀ ਸਾਰੇ ਅਗਿਆਨ ਦੀ ਨਿਦ੍ਰਾ ਵਿੱਚ ਸੁੱਤੇ-ਸੁੱਤੇ ਖ਼ਤਮ ਹੋ ਜਾਣਗੇ। ਬੜੀ ਯੁਕਤੀ ਨਾਲ ਸਥਾਪਨਾ ਹੁੰਦੀ ਹੈ। ਵਿਘਨ ਵੀ ਪੈਣਗੇ ਅਤੇ ਅਤਿਆਚਾਰ ਵੀ ਹੋਣਗੇ। ਹੁਣ ਮਾਤਾਵਾਂ ਦਵਾਰਾ ਸਵਰਗ ਦਾ ਦਵਾਰ ਖੁੱਲਦਾ ਹੈ। ਹੈ ਤਾਂ ਪੁਰਖ਼ ਵੀ ਬੜੇ ਪਰ ਮਾਤਾਵਾਂ ਦਵਾਰਾ ਜਨਮ ਮਿਲਦਾ ਹੈ ਤਾਂ ਉਨ੍ਹਾਂ ਨੂੰ ਪੁਰਖਾਂ ਨਾਲੋਂ ਜ਼ਿਆਦਾ ਇਜਾਫਾ ਮਿਲਦਾ ਹੈ। ਸਵਰਗ ਵਿੱਚ ਤਾਂ ਨੰਬਰਵਾਰ ਸਾਰੇ ਜਾਣਗੇ ਕੋਈ ਦੋ ਜਨਮ ਪੁਰਖ਼ ਦੇ ਵੀ ਲੈ ਸਕਦੇ ਹਨ, ਹਿਸਾਬ - ਕਿਤਾਬ ਜੋ ਡਰਾਮੇ ਵਿੱਚ ਨੂੰਧ(ਦਰਜ਼) ਹੈ, ਉਹ ਹੀ ਹੁੰਦਾ ਹੈ। ਆਤਮਾ ਦੀ ਉੱਨਤੀ ਹੋਣ ਕਾਰਣ ਕਿੰਨਾ ਫਰਕ ਪੈ ਜਾਂਦਾ ਹੈ। ਕੋਈ ਤਾਂ ਇਕਦਮ ਹਾਈਐਸਟ ਬਣ ਜਾਂਦੇ ਕੋਈ ਤਾਂ ਬਿਲਕੁਲ ਲੋਐਸਟ। ਕਿੱਥੇ ਰਾਜਾ ਤੇ ਕਿੱਥੇ ਪ੍ਰਜਾ।

ਮਿੱਠੇ - ਮਿੱਠੇ ਬੱਚਿਆਂ ਨੂੰ ਬਾਪ ਸਮਝਾਉਂਦੇ ਹਨ ਹੁਣ ਪੁਰਸ਼ਾਰਥ ਕਰੋ। ਯੋਗ ਨਾਲ ਪਵਿੱਤਰ ਬਣੋ ਤਾਂ ਧਾਰਨਾ ਹੋਵੇ। ਮੰਜਿਲ ਬਹੁਤ ਉੱਚੀ ਹੈ। ਆਪਣੇ ਨੂੰ ਆਤਮਾ ਸਮਝ ਬਹੁਤ ਪਿਆਰ ਨਾਲ ਬਾਪ ਨੂੰ ਯਾਦ ਕਰੋ। ਆਤਮਾ ਦਾ ਪਰਮਾਤਮਾ ਨਾਲ ਪਿਆਰ ਹੈ। ਇਹ ਹੈ ਰੂਹਾਨੀ ਲਵ (ਪਿਆਰ) ਜਿਸ ਨਾਲ ਆਤਮਾ ਦੀ ਉੱਨਤੀ ਹੁੰਦੀ ਹੈ। ਜਿਸਮਾਨੀ ਪਿਆਰ ਨਾਲ ਡਿੱਗ ਜਾਂਦੇ ਹਨ। ਤਕਦੀਰ ਵਿੱਚ ਨਹੀਂ ਤਾਂ ਭਗੰਤੀ ਹੋ ਜਾਂਦੇ ਹਨ। ਯਗ ਦੀ ਬੜੀ ਸੰਭਾਲ ਚਾਹੀਦੀ ਹੈ। ਮਾਤਾਵਾਂ ਦੀ ਪਾਈ-ਪਾਈ ਨਾਲ ਯਗ ਦੀ ਸਰਵਿਸ ਹੋ ਰਹੀ ਹੈ। ਇਥੇ ਗਰੀਬ ਹੀ ਸ਼ਾਹੂਕਾਰ ਬਣਦੇ ਹਨ। ਸਾਰਾ ਮਦਾਰ ਪੜ੍ਹਾਈ ਤੇ ਹੈ। ਤੁਸੀਂ ਹੁਣ ਸਦਾ ਸੁਹਾਗਣ ਬਣਦੀ ਹੋ-ਇਹ ਸਾਰਿਆਂ ਨੂੰ ਮਹਿਸੂਸ ਹੁੰਦਾ ਹੈ। ਮਾਲਾ ਦਾ ਦਾਨਾ ਬਣਨ ਵਾਲਿਆਂ ਨੂੰ ਕਿੰਨੀ ਚੰਗੀ ਫੀਲਿੰਗ ਚਾਹੀਦੀ ਹੈ। ਸ਼ਿਵਬਾਬਾ ਨੂੰ ਯਾਦ ਕਰਦੇ ਸਰਵਿਸ ਕਰਦੇ ਰਹੋ ਤਾਂ ਬਹੁਤ ਉੱਨਤੀ ਹੋ ਸਕਦੀ ਹੈ। ਸ਼ਿਵਬਾਬਾ ਦੀ ਸਰਵਿਸ ਵਿੱਚ ਸ਼ਰੀਰ ਵੀ ਨੋਸ਼ਾਵਰ ਕਰਨਾ ਚਾਹੀਦਾ ਹੈ। ਸਾਰਾ ਦਿਨ ਨਸ਼ਾ ਰਹੇ - ਇਹ ਮਾਸੀ ਦਾ ਘਰ ਨਹੀਂ ਹੈ। ਦੇਖਣਾ ਹੈ ਅਸੀਂ ਕਿੰਨੀ ਉੱਨਤੀ ਕੀਤੀ ਹੈ। ਬਾਬਾ ਕਹਿੰਦੇ ਹਨ- ਬੀਤੀ ਨੂੰ ਯਾਦ ਨਾਂ ਕਰੋ। ਅੱਗੇ ਦੀ ਕੋਈ ਆਸ ਨਾਂ ਰੱਖੋ। ਸ਼ਰੀਰ ਨਿਰਵਾਹ ਵਾਸਤੇ ਕਰਮ ਤਾਂ ਕਰਨਾ ਹੈ। ਜੋ ਸਮਾਂ ਮਿਲੇ ਉਸ ਵਿੱਚ ਬਾਪ ਨੂੰ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋ ਜਾਣਗੇ। ਬਾਬਾ ਬੰਧੇਹਲੀਆਂ ਨੂੰ ਵੀ ਸਮਝਾਉਂਦੇ ਹਨ ਕਿ ਤੁਸੀਂ ਪਤੀ ਨੂੰ ਬੜੇ ਪਿਆਰ ਨਾਲ ਸਮਝਾਉਣਾ ਹੈ, ਕੋਈ ਮਾਰੇ ਤਾਂ ਉਹਨ੍ਹਾਂ ਤੇ ਫੁੱਲਾਂ ਦੀ ਬਾਰਿਸ਼ ਕਰੋ। ਖੁਦ ਨੂੰ ਬਚਾਉਣ ਦੀ ਬੜੀ ਯੁਕਤੀ ਚਾਹੀਦੀ ਹੈ। ਅੱਖਾਂ ਬੜੀਆਂ ਠੰਡੀਆਂ ਚਾਹੀਦੀਆਂ ਹਨ। ਕਦੇ ਹਿੱਲਣ ਨਹੀਂ। ਇਸ ਤੇ ਅੰਗਦ ਦਾ ਵੀ ਮਿਸਾਲ ਹੈ, ਬਿਲਕੁਲ ਅਡੋਲ ਸੀ। ਤੁਸੀਂ ਸਾਰੇ ਮਹਾਂਵੀਰ ਹੋ, ਜੋ ਕੁੱਝ ਬੀਤ ਗਿਆ, ਉਸਨੂੰ ਯਾਦ ਨਹੀਂ ਕਰਨਾ ਹੈ। ਸਦਾ ਖੁਸ਼ ਰਹਿਣਾ ਹੈ। ਡਰਾਮਾ ਤੇ ਅਟੱਲ ਰਹਿਣਾ ਹੈ। ਬਾਪ ਖੁਦ ਕਹਿੰਦੇ ਮੈਂ ਵੀ ਡਰਾਮਾ ਦੇ ਬੰਧਨ ਵਿੱਚ ਬੰਨ੍ਹਿਆ ਹੋਇਆ ਹਾਂ। ਬਾਕੀ ਹੋਰ ਕੋਈ ਗੱਲ ਨਹੀਂ। ਕ੍ਰਿਸ਼ਨ ਦੇ ਲਈ ਲਿੱਖਿਆ ਹੈ ਕਿ ਸਵਦਰਸ਼ਨ ਚੱਕਰ ਨਾਲ ਮਾਰਿਆ। ਇਹ ਸਭ ਕਹਾਣੀਆਂ ਹਨ। ਬਾਪ ਤਾਂ ਹਿੰਸਾ ਕਰ ਨਹੀਂ ਸਕਦੇ। ਇਹ ਤਾਂ ਬਾਪ ਟੀਚਰ ਹੈ, ਮਾਰਨ ਦੀ ਤਾਂ ਗੱਲ ਨਹੀਂ ਹੈ। ਇਹ ਗੱਲਾਂ ਇਸ ਸਮੇਂ ਦੀਆਂ ਹਨ। ਇਕ ਪਾਸੇ ਢੇਰ ਮਨੁੱਖ ਹਨ, ਦੂਜੇ ਪਾਸੇ ਤੁਸੀਂ ਹੋ, ਜਿਨ੍ਹਾਂ ਨੇ ਆਉਣਾ ਹੋਵੇਗਾ ਆਉਂਦੇ ਰਹਿਣਗੇ। ਕਲਪ ਪਹਿਲੋਂ ਦੀ ਤਰ੍ਹਾਂ ਪਦਵੀ ਪਾਉਂਦੇ ਰਹਿਣਗੇ। ਇਸ ਵਿੱਚ ਚਮਤਕਾਰ ਦੀ ਗੱਲ ਨਹੀਂ। ਬਾਪ ਰਹਿਮਦਿਲ ਹੈ। ਦੁੱਖ ਹਰਤਾ, ਸੁੱਖ ਕਰਤਾ ਹੈ, ਫਿਰ ਦੁੱਖ ਕਿਵੇਂ ਦੇਣਗੇ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਘੱਟ ਤੋਂ ਘੱਟ 8 ਘੰਟੇ ਇਸ਼ਵਰੀਏ ਗੌਰਮਿੰਟ ਦੀ ਨੌਕਰੀ ਕਰ ਆਪਣਾ ਟਾਈਮ ਸਫ਼ਲ ਕਰਨਾ ਹੈ। ਬਾਪ ਵਾਂਗੂ ਗੁਣਵਾਨ ਬਣਨਾ ਹੈ।

2. ਜੋ ਬੀਤ ਗਿਆ ਉਸਨੂੰ ਯਾਦ ਨਹੀਂ ਕਰਨਾ ਹੈ। ਬੀਤੀ ਨੂੰ ਬੀਤੀ ਕਰ ਸਦੈਵ ਖੁਸ਼ ਰਹਿਣਾ ਹੈ। ਡਰਾਮਾ ਤੇ ਅਡੋਲ ਰਹਿਣਾ ਹੈ।

ਵਰਦਾਨ:- ਸੰਕਲਪ, ਬੋਲ ਅਤੇ ਕਰਮ ਦੇ ਵਿਅਰਥ ਨੂੰ ਸਮਰਥ ਵਿੱਚ ਬਦਲਣ ਵਾਲੇ ਹੋਲੀਹੰਸ ਭਵ।

ਹੋਲੀਹੰਸ ਦਾ ਮਤਲਬ ਹੈ ਸੰਕਲਪ, ਬੋਲ ਅਤੇ ਕਰਮ ਦੇ ਵਿਅਰਥ ਨੂੰ ਸਮਰਥ ਵਿੱਚ ਬਦਲਣ ਵਾਲੇ ਕਿਉਂਕਿ ਵਿਅਰਥ ਜਿਵੇਂ ਪੱਥਰ ਹੁੰਦਾ ਹੈ, ਪੱਥਰ ਦੀ ਵੇਲਯੂ ਨਹੀਂ, ਰਤਨ ਦੀ ਵੇਲਯੁ ਹੁੰਦੀ ਹੈ। ਹੋਲੀਹੰਸ ਫੌਰਨ ਪਰਖ ਲੈਂਦਾ ਹੈ ਕਿ ਇਹ ਕੰਮ ਦੀ ਚੀਜ ਨਹੀਂ ਹੈ, ਇਹ ਕੰਮ ਦੀ ਹੈ। ਕਰਮ ਕਰਦੇ ਸਿਰਫ ਇਹ ਸਮ੍ਰਿਤੀ ਇਮ੍ਰਜ ਰਹੇ ਕਿ ਅਸੀਂ ਰਾਜਯੋਗੀ ਨਾਲ਼ੇਜ਼ਫੁੱਲ ਆਤਮਾਵਾਂ ਰੁਲਿੰਗ ਅਤੇ ਕੰਟ੍ਰੋਲਿੰਗ ਪਾਵਰ ਵਾਲੀ ਹਾਂ, ਤਾਂ ਵਿਅਰਥ ਜਾ ਨਹੀਂ ਸਕਦਾ। ਇਹ ਸਮ੍ਰਿਤੀ ਹੋਲੀਹੰਸ ਬਣਾ ਦਵੇਗੀ।

ਸਲੋਗਨ:- ਜੋ ਖੁਦ ਨੂੰ ਉਸ ਦੇਹ ਰੂਪੀ ਮਕਾਨ ਵਿਚ ਮਹਿਮਾਨ ਸਮਝਦੇ ਹਨ ਉਹ ਹੀ ਨਿਰਮੋਹੀ ਰਹਿ ਸਕਦੇ ਹਨ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਜਿਵੇਂ ਜਦੋਂ ਕੋਈ ਅਜਿਹਾ ਦਿਨ ਹੁੰਦਾ ਹੈ ਤਾਂ ਚਲਦੇ - ਚਲਦੇ ਟ੍ਰੈਫਿਕ ਨੂੰ ਵੀ ਰੋਕ ਕੇ ਤਿੰਨ ਮਿੰਟ ਸਾਇਲੈਂਸ ਦੀ ਪ੍ਰੈਕਟਿਸ ਕਰਾਉਂਦੇ ਹਨ। ਚਲਦੇ ਹੋਏ ਸਾਰੇ ਕੰਮ ਸਟਾਪ ਕਰ ਲੈਂਦੇ ਹਨ। ਇਵੇਂ ਤੁਸੀਂ ਵੀ ਕੋਈ ਕੰਮ ਕਰਦੇ ਹੋ ਜਾਂ ਗੱਲ ਕਰਦੇ ਹੋ ਤਾਂ ਵਿੱਚ - ਵਿੱਚ ਦੀ ਇਹ ਸੰਕਲਪਾਂ ਦੀ ਟ੍ਰੈਫਿਕ ਨੂੰ ਸਟਾਪ ਕਰਨ ਦਾ ਅਭਿਆਸ ਕਰੋ। ਇੱਕ ਮਿੰਟ ਦੇ ਲਈ ਵੀ ਮਨ ਦੇ ਸੰਕਲਪਾਂ ਨੂੰ, ਭਾਵੇਂ ਸ਼ਰੀਰ ਦਵਾਰਾ ਚਲਦੇ ਹੋਏ ਕਰਮ ਨੂੰ ਵਿੱਚੋ ਦੀ ਰੋਕ ਕੇ ਆਪਣੇ ਫਰਿਸ਼ਤੇ ਰੂਪ ਵਿਚ ਸਥਿਤ ਹੋ ਜਾਵੋ।